BRAMPTON Flower City brampton.ca

media release

ਤੁਰੰਤ ਰਿਲੀਜ ਲਈ

# ਸਿਟੀ ਨੇ ਸੌਖੀ ਅਤੇ ਤੇਜ਼ ਗਾਹਕ ਸੇਵਾ ਲਈ ਮਹੱਤਵਪੂਰਣ ਨਵਾਂ 311 ਐਪ ਸ਼ੁਰੂ ਕੀਤਾ

ਬ੍ਰੈਂਪਟਨ, ਓਨਟੈਰੀਓ (18 ਦਸੰਬਰ, 2019) – ਸਿਟੀ ਆਫ ਬ੍ਰੈਂਪਟਨ ਨਵੇਂ ਮੋਬਾਈਲ ਐਪ ਅਤੇ ਵੈਬਸਾਈਟ, 311Brampton.ca ਦੇ ਨਾਲ ਮਿਉਨਿਸਿਪਲ ਸੇਵਾਵਾਂ ਅਤੇ ਜਾਣਕਾਰੀ ਤੱਕ ਪਹੁੰਚ ਨੂੰ ਵੱਧ ਅਸਾਨ ਬਣਾ ਰਹੀ ਹੈ। ਹੁਣ ਨਿਵਾਸੀ ਆਪਣੇ ਸਮਾਰਟਫੋਨ ਤੋਂ, ਔਨਲਾਈਨ ਜਾਂ 311 ਤੇ ਫੋਨ ਕਰਕੇ ਜਲਦੀ ਅਤੇ ਅਸਾਨੀ ਨਾਲ ਸਰਵਿਸ ਬ੍ਰੈਂਪਟਨ (Service Brampton) ਤੱਕ ਪਹੁੰਚ ਸਕਦੇ ਹਨ। ਗਾਹਕ ਸੇਵਾ ਦਿਨ ਵਿੱਚ 24 ਘੰਟੇ, ਹਫ਼ਤੇ ਵਿੱਚ ਸੱਤ ਦਿਨ, 150 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹੈ।

ਐਪ ਅਤੇ ਔਨਲਾਈਨ ਬੇਨਤੀਆਂ ਇਹਨਾਂ ਬਾਰੇ ਜਾਣਕਾਰੀ ਤੱਕ ਅਸਾਨ ਮੋਬਾਈਲ ਪਹੁੰਚ, ਪ੍ਰਸਤੁਤੀਆਂ ਅਤੇ ਬੇਨਤੀ ਟ੍ਰੈਕਿੰਗ ਮੁਹੱਈਆ ਕਰਦੀਆਂ ਹਨ:

- ਪਾਰਕਿੰਗ ਸੇਵਾਵਾਂ ਅਤੇ ਮੋਬਾਈਲ ਲਾਇਸੈਂਸਿੰਗ
- ਪ੍ਰਾਪਰਟੀ ਸਬੰਧੀ ਚਿੰਤਾਵਾਂ ਅਤੇ ਮਿਉਨਿਸਿਪਲ ਐਨਫੋਰਸਮੈਂਟ
- ਕੂੜਾ ਅਤੇ ਗ੍ਰਾਫਿਟੀ
- ਪਾਰਕ ਅਤੇ ਟ੍ਰੇਲਸ
- ਸੜਕਾਂ ਅਤੇ ਪਗਡੰਡੀਆਂ ਅਤੇ ਬਰਫ਼ ਹਟਾਉਣਾ
- ਸਾਈਨ ਬੋਰਡ ਅਤੇ ਸਟ੍ਰੀਟਲਾਈਟਾਂ
- ਟ੍ਰੀ ਸਰਵਿਸਿਜ਼

ਇਹ ਐਪ ਇੱਕ ਵਾਧੂ ਫਾਇਦਾ ਪੇਸ਼ ਕਰਦਾ ਹੈ, ਜਿਸ ਨਾਲ ਫੋਟੋ ਲਈ ਜਾ ਸਕਦੀ ਹੈ ਅਤੇ ਉਸਨੂੰ ਸੇਵਾ ਬੇਨਤੀ ਨਾਲ ਸ਼ਾਮਲ ਕੀਤਾ ਜਾ ਸਕਦਾ ਹੈ। ਚਿੰਤਾ ਸਬੰਧੀ ਥਾਂ ਦਾ ਠੀਕ-ਠੀਕ ਪਤਾ ਲਗਾਉਣ ਵਿੱਚ ਸਹਾਇਤਾ ਲਈ ਮੈਪਿੰਗ ਫੰਕਸ਼ਨ ਵੀ ਸ਼ਾਮਲ ਕੀਤਾ ਗਿਆ ਹੈ।

ਨਵੀਂ ਵੈਬਸਾਈਟ ਅਤੇ ਐਪ ਹੇਠਾਂ ਲਿਖੀਆਂ ਵਿਸ਼ੇਸ਼ਤਾਵਾਂ ਦੇ ਨਾਲ ਉਪਭੋਗਤਾ ਦੇ ਅਨੁਕੂਲ ਇੰਟਰਫੇਸ ਪੇਸ਼ ਕਰਦੇ ਹਨ:

- ਸਿਟੀ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਵਾਲਾ ਗਿਆਨ ਸਬੰਧੀ ਆਧਾਰ ਅਤੇ ਸਬੰਧਿਤ ਵੈਬਪੇਜਾਂ ਦੇ ਲਿੰਕ
- ਗਿਆਨ ਸਬੰਧੀ ਆਧਾਰ ਅਤੇ ਸੇਵਾ ਬੇਨਤੀ ਵਿਕਲਪਾਂ ਲਈ ਖੋਜ ਫੰਕਸ਼ਨ
- ਸੇਵਾ ਲਈ ਸਿੱਧੇ ਪੇਸ਼ ਕੀਤੀਆਂ ਗਈਆਂ ਬੇਨਤੀਆਂ ਅਤੇ ਸਮੱਸਿਆਵਾਂ ਦੀ ਰਿਪੋਰਟ ਕਰਨ ਦੀ ਸਮਰੱਥਾ
- ਨੰਬਰ ਟ੍ਰੈਕ ਕਰਨਾ, ਤਾਂ ਜੋ ਵਰਤੋਂਕਾਰ ਆਪਣੀ ਰਿਪੋਰਟ/ਬੇਨਤੀ ਬਾਰੇ ਫਾੱਲੋ-ਅਪ ਜਾਣਕਾਰੀ ਪ੍ਰਾਪਤ ਕਰ ਸਕੇ
- ਵਿਕਲਪ ਬਾਰੇ ਈਮੇਲ ਰਾਹੀਂ ਸੂਚਿਤ ਕੀਤਾ ਜਾਏਗਾ, ਜਦੋਂ ਸੇਵਾ ਬੇਨਤੀ ਲਈ ਨਵੀਂ ਜਾਣਕਾਰੀ ਅੱਪਡੇਟ ਕੀਤੀ ਜਾਂਦੀ ਹੈ

ਬ੍ਰੈਂਪਟਨ 311 (Brampton 311) ਐਪ ਹੁਣ Google Play (ਗੂਗਲ ਪਲੇ) ਅਤੇ ਐਪ ਸਟੋਰ (App Store) ਤੇ ਡਾਊਨਲੋਡ ਲਈ ਉਪਲਬਧ ਹੈ। ਇਹ ਆਈਫੋਨ (iPhone) ਅਤੇ ਐਂਡਰੋਇਡ (Android) ਡਿਵਾਇਸਾਂ (ਘੱਟੋ-ਘੱਟ iOS 9.3.6 ਜਾਂ ਐਂਡਰੋਇਡ 8.1) ਤੇ ਅਸਾਨੀ ਨਾਲ ਚੱਲੇਗਾ। ਨਵੀਂ ਵੈਬਸਾਈਟ 311Brampton.ca ਤੇ ਜਾਓ।

**ਹਵਾਲੇ**

"ਨਵਾਂ ਬ੍ਰੈਂਪਟਨ 311 ਐਪ ਅਤੇ ਵੈਬਸਾਈਟ ਰੋਜ਼ਾਨਾ ਓਪਰੇਸ਼ਨਾਂ ਅਤੇ ਸੇਵਾ ਡਿਲੀਵਰੀ ਨੂੰ ਲਗਾਤਾਰ ਸੁਧਾਰਨ ਦੇ ਸਿਟੀ ਦੇ ਯਤਨਾਂ ਦਾ ਬਹੁਤ ਵੱਡਾ ਉਦਾਹਰਨ ਹੈ। ਇਹ ਯਕੀਨੀ ਬਣਾਉਣਾ ਇਸ ਟਰਮ ਆਫ ਕਾਉਂਸਿਲ ਦੀ ਤਰਜੀਹ ਹੈ ਕਿ ਬ੍ਰੈਂਪਟਨ ਚੰਗੀ ਤਰ੍ਹਾਂ ਸਿਟੀ ਸੰਚਾਲਿਤ ਸਿਟੀ ਹੈ, ਅਤੇ ਨਿਵਾਸੀਆਂ

ਨੂੰ ਸਿਟੀ ਦੀਆਂ ਸੇਵਾਵਾਂ ਨਾਲ ਜੁੜਨ ਲਈ ਵਰਤੋਂਕਾਰ-ਅਨੁਕੂਲਿਤ ਡਿਜੀਟਲ ਵਿਕਲਪ ਅਤੇ ਅਜਿਹੀ ਜਾਣਕਾਰੀ ਪੇਸ਼ ਕਰ ਰਹੀ ਹੈ, ਉਸ ਵਚਨਬੱਧਤਾ ਦਾ ਇੱਕ ਮਹੱਤਵਪੂਰਣ ਹਿੱਸਾ ਹੈ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

"ਮੈਨੂੰ ਆਸ ਹੈ ਕਿ ਨਿਵਾਸੀ ਜਾਣਕਾਰੀ ਤੱਕ ਅਸਾਨ ਪਹੁੰਚ ਅਤੇ ਬਰਫ਼ ਹਟਾਉਣ, ਪਾਰਕਿੰਗ, ਐਨੀਮਲ ਸਰਵਿਸਿਜ਼ ਜਿਹੀਆਂ ਚੀਜ਼ਾਂ ਬਾਰੇ ਚਿੰਤਾਵਾਂ ਦੀ ਰਿਪੋਰਟ ਕਰਨ ਲਈ ਨਵੇਂ 311 ਐਪ ਅਤੇ ਵੈਬਸਾਈਟ ਦਾ ਫਾਇਦਾ ਲੈਣਗੇ। ਫੋਨ, ਈਮੇਲ ਰਾਹੀਂ ਜਾਂ ਔਨਲਾਈਨ - ਜੋ ਵੀ ਤਰੀਕਾ ਤੁਹਾਡੇ ਲਈ ਠੀਕ ਹੋਵੇ, ਉਸਦੇ ਨਾਲ ਸਰਵਿਸ ਬ੍ਰੈਂਪਟਨ ਨਾਲ ਜੁੜੋ। ਸਿਟੀ ਦੀਆਂ ਸੇਵਾਵਾਂ ਤੁਹਾਡੀਆਂ ਉਂਗਲੀਆਂ ਤੇ ਹਨ!"

- *ਰੀਜਨਲ ਕਾਉਂਸਲਰ ਰੋਏਨਾ ਸੈਨਟੋਸ (Rowena Santos), ਕਮਿਉਨਿਟੀ ਸਰਵਿਸਿਜ਼ ਕਮਿਟੀ ਚੇਅਰ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca